# ਬ੍ਰੈਂਪਟਨ ਵਿੱਚ ਸਾਰੀਆਂ ਰੈਂਟਲ ਪ੍ਰਾਪਰਟੀਜ ਲਈ ਲਾਇਸੈਂਸ ਲੈਣਾ ਲਾਜ਼ਮੀ ਹੈ

ਰਿਹਾਇਸ਼ੀ ਕਿਰਾਇਆ ਲਾਇਸੈਂਸਿੰਗ (RRL) ਪ੍ਰੋਗਰਾਮ ਅਨੁਸਾਰ, ਇੱਕ ਤੋਂ ਚਾਰ ਯੂਨਿਟ ਵਾਲੀਆਂ ਸਭ ਕਿਰਾਏ ਦੀਆਂ ਪ੍ਰਾਪਰਟੀਜ ਦੇ ਮਾਲਕਾਂ ਲਈ ਲਾਇਸੈਂਸ ਲੈਣਾ ਲਾਜ਼ਮੀ ਹੈ। ਬਿਨਾਂ ਲਾਇਸੈਂਸ ਕਿਰਾਏ ਦੇ ਘਰ ਗੈਰਕਾਨੂੰਨੀ ਹਨ ਅਤੇ ਅਤੇ ਬ੍ਰੈਂਪਟਨ ਵਿੱਚ ਉਹਨਾਂ ਨੂੰ ਕਿਰਾਏ 'ਤੇ ਨਹੀਂ ਦਿੱਤਾ ਜਾ ਸਕਦਾ।। ਇਹ ਪ੍ਰੋਗਰਾਮ ਸ਼ਹਿਰ ਭਰ ਵਿੱਚ ਸੁਰੱਖਿਅਤ ਅਤੇ ਚੰਗੀ ਤਰ੍ਹਾਂ ਸੰਭਾਲੀਆਂ ਗਈਆਂ ਕਿਰਾਏ ਦੀਆਂ ਰਿਹਾਇਸ਼ਾਂ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ।

**ਲਾਇਸੈਂਸ ਇਹਨਾਂ 'ਤੇ ਲਾਗੂ ਹੁੰਦਾ ਹੈ:**

- **ਸਿੰਗਲ ਡਵੈਲਿੰਗ ਯੂਨਿਟਾਂ:**
  ਪੂਰਾ ਘਰ, ਕੋਈ ਹੋਰ ਯੂਨਿਟਾਂ ਨਹੀਂ।
- **ਟੂ-ਯੂਨਿਟ ਡਵੈਲਿੰਗਸ:**
  ਮੁੱਖ ਘਰ ਅਤੇ ਇੱਕ ਹੋਰ ਰਿਹਾਇਸ਼ੀ ਯੂਨਿਟ।
- **ਮਲਟੀ-ਯੂਨਿਟ ਰਿਹਾਇਸ਼ੀ ਡਵੈਲਿੰਗਸ:**
  ਇੱਕ ਤੋਂ ਵੱਧ ਹੋਰ ਰਿਹਾਇਸ਼ੀ ਯੂਨਿਟਾਂ, ਟ੍ਰਿਪਲੈਕਸ, ਫੋਰਪਲੈਕਸ ਅਤੇ ਗਾਰਡਨ ਸੂਈਟ।

**ਬਿਨਾਂ ਰਜਿਸਟਰ ਕੀਤੇ ਜਾਂ ਬਿਨਾਂ ਲਾਇਸੈਂਸ ਦੇ ਯੂਨਿਟ ਕਿਰਾਏ 'ਤੇ ਦੇਣਾ ਗੰਭੀਰ ਅਪਰਾਧ ਹੈ:**

- ਪਾਲਣਾ ਨਾ ਕਰਨ 'ਤੇ 750 ਡਾਲਰ ਤੋਂ ਲੈ ਕੇ 1,500 ਡਾਲਰ ਤੱਕ ਜੁਰਮਾਨੇ ਲੱਗਣਗੇ
- ਗੈਰਕਨੂੰਨੀ ਉਸਾਰੀ ਜਾਂ ਬਿਲਡਿੰਗ ਕੋਡ ਉਲੰਘਣਾਵਾਂ ਲਈ 500,000 ਡਾਲਰ ਤੱਕ ਦੇ ਵੱਡੇ ਜੁਰਮਾਨੇ ਲੱਗਣਗੇ

**ਹੁਣੇ ਲਾਇਸੈਂਸ ਪ੍ਰਾਪਤ ਕਰੋ।**

**brampton.ca**/RRL

BRAMPTON

Punjabi

# ਰਿਹਾਇਸ਼ੀ ਰੈਂਟਲ ਲਾਇਸੈਂਸ ਕਿਵੇਂ ਪ੍ਰਾਪਤ ਕਰੀਏ

## ਸਟੈਪ 1:
## ਯੂਨਿਟਾਂ ਨੂੰ ਰਜਿਸਟਰ ਕਰੋ (ਜੇਕਰ ਲਾਗੂ ਹੋਵੇ)

ਸਾਰੀਆਂ ਵਾਧੂ ਰਿਹਾਇਸ਼ੀ ਯੂਨਿਟਾਂ ਨੂੰ ਰਜਿਸਟਰ ਕਰੋ, ਜਿਸ ਵਿੱਚ ਗਾਰਡਨ ਸੂਈਟਸ ਅਤੇ ਟੂ-ਯੂਨਿਟ ਡਵੈਲਿੰਗਸ, ਟ੍ਰਿਪਲੈਕਸ ਅਤੇ ਫੋਰਪਲੈਕਸ ਵਿੱਚ ਸਥਿਤ ਯੂਨਿਟ ਸ਼ਾਮਲ ਹਨ।

## ਸਟੈਪ 2:
## ਆਪਣੀ ਪ੍ਰਾਪਰਟੀ ਨੂੰ ਤਿਆਰ ਕਰੋ

ਯਕੀਨੀ ਬਣਾਓ ਕਿ ਸਾਰੀਆਂ ਕਿਰਾਏ ਦੀਆਂ ਯੂਨਿਟਾਂ ਸੁਰੱਖਿਆ, ਅੱਗ ਅਤੇ ਪ੍ਰਾਪਰਟੀ ਦੇ ਮਿਆਰਾਂ ਨੂੰ ਪੂਰਾ ਕਰਦੀਆਂ ਹਨ ਅਤੇ ਉਹਨਾਂ ਦਾ ਢੁੱਕਵਾਂ ਬੀਮਾ ਕਰਵਾਇਆ ਹੋਇਆ ਹੈ।

## ਸਟੈਪ 3:
## ਔਨਲਾਈਨ ਅਪਲਾਈ ਕਰੋ

ਲੋੜੀਂਦੇ ਦਸਤਾਵੇਜ਼ਾਂ ਦੇ ਨਾਲ ਔਨਲਾਈਨ ਆਰ.ਆਰ.ਐਲ. (RRL) ਅਰਜ਼ੀ ਜਮ੍ਹਾਂ ਕਰੋ। ਲਾਇਸੈਂਸ ਅਰਜ਼ੀ ਲਈ ਫੀਸ ਨਹੀਂ ਲੱਗਦੀ।

## ਸਟੈਪ 4:
## ਲਾਇਸੈਂਸ ਜਾਰੀ

ਤੁਹਾਡਾ ਲਾਇਸੈਂਸ ਈਮੇਲ ਰਾਹੀਂ ਭੇਜਿਆ ਜਾਵੇਗਾ। ਇਸਨੂੰ ਕਿਰਾਏ ਦੀ ਯੂਨਿਟ ਦੇ ਅੰਦਰ ਲਗਾਓ, ਨਿਯਮਾਂ ਦੀ ਪਾਲਣਾ ਕਰਦੇ ਰਹੋ ਅਤੇ ਹਰ ਸਾਲ ਨਵੀਨੀਕਰਨ ਕਰੋ।

**brampton.ca**/RRL

BRAMPTON